# ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 27 ਮਾਰਚ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਮੱਖੂ, ਹਲਕਾ ਜ਼ੀਰਾ ਵਿਖੇ ਆਈ.ਟੀ.ਆਈ. ਸਥਾਪਤ ਕਰਨਾ

*1200. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੱਖੂ, ਹਲਕਾ ਜ਼ੀਰਾ ਵਿਖੇ ਕੋਈ ਆਈ.ਟੀ.ਆਈ. ਸਥਾਪਤ ਕਰਨ ਦੀ ਕੋਈ ਸਰਕਾਰ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਸਥਾਪਤ ਕਰ ਦਿੱਤੀ ਜਾਵੇਗੀ?

## ਪੰਜਾਬ ਵਿਚ ਬੱਚੀਆਂ/ਧੀਆਂ ਦੀ ਪੜ੍ਹਾਈ ਨੂੰ ਉਚੇਰੀ ਵਿੱਦਿਆ ਤੱਕ ਮੁਫ਼ਤ ਕਰਨਾ

*1372. ਸਰਦਾਰ ਬਲਵਿੰਦਰ ਸਿੰਘ ਬੈਂਸ, ਐਮ.ਐਲ.ਏ:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿਚ ਬੱਚੀਆਂ/ਧੀਆਂ ਦੀ ਪੜ੍ਹਾਈ ਨੂੰ ਪਹਿਲੀ ਕਲਾਸ ਤੋਂ ਲੈ ਕੇ ਪੀ.ਐਚ.ਡੀ/ਉਚੇਰੀ ਵਿੱਦਿਆ ਤੱਕ ਮੁਫ਼ਤ ਕਰ ਦਿਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਯੋਜਨਾ ਨੂੰ ਪੰਜਾਬ ਰਾਜ ਦੇ ਕਿਹੜੇ-2 ਸਕੂਲਾਂ ਅਤੇ ਜ਼ਿਲ੍ਹਿਆਂ ਵਿਚ ਲਾਗੂ ਕਰ ਦਿੱਤਾ ਗਿਆ ਹੈ ਜਾਂ ਲਾਗੂ ਕਰਨ ਦੀ ਸੰਭਾਵਨਾ ਹੈ?

## ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਜਾਣ ਵਾਲੀ ਸੜਕ ਦੀ ਰਿਪੇਅਰ ਕਰਨਾ

*1305. ਸ਼੍ਰੀ ਜੈ ਕ੍ਰਿਸ਼ਨ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਨੂੰ ਜਾਣ ਵਾਲੀ ਸੜਕ ਪਿਛਲੇ ਕਾਫੀ ਸਮੇਂ ਤੋਂ ਖਸਤਾ ਹਾਲਤ ਵਿੱਚ ਹੋਣ ਕਰਕੇ ਇਸ ਸੜਕ ਉਤੇ ਹੋਈਆਂ ਦੁਰਘਟਨਾਵਾਂ ਵਿੱਚ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

## ਰਾਜ ਵਿੱਚ ਬਨਾਵਟੀ ਅਤੇ ਨਕਲੀ ਦੁੱਧ ਦੀ ਵਿਕਰੀ ਦੀ ਰੋਕਥਾਮ

*1286. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ.:- ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ;

ੳ) ਰਾਜ ਵਿੱਚ ਬਨਾਵਟੀ ਅਤੇ ਨਕਲੀ ਦੁੱਧ ਦੀ ਵਿਕਰੀ ਨੂੰ ਕੰਟਰੋਲ ਕਰਨ/ਨੱਥ ਪਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ;

ਅ) ਸਾਲ 2015, 2016 ਅਤੇ 2017 ਦੌਰਾਨ ਅਜਿਹੇ ਕੇਸਾਂ ਵਿੱਚ ਜਾਰੀ ਕੀਤੇ ਚਲਾਨਾਂ ਅਤੇ ਰਜਿਸਟਰਡ ਕੇਸਾਂ ਦੀ ਸਾਲਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਨਤੀਜੇ ਕੀ ਹਨ;

ੲ) ਸਰਕਾਰੀ ਅਤੇ ਨਿੱਜੀ ਮਿਲਕ ਪਲਾਂਟਾਂ ਵੱਲੋਂ ਅਣਵਿਕੇ ਦੁੱਧ ਦੇ ਪਾਊਡਰ ਦੀ ਮਿਆਦ ਨਿਕਲਣ ਤੋਂ ਬਾਅਦ ਇਸਨੂੰ ਨਸ਼ਟ ਕਰਨ ਦੀ ਕੀ ਵਿਧੀ ਅਪਣਾਈ ਜਾ ਰਹੀ ਹੈ?

## ਫਾਜ਼ਿਲਕਾ ਦੀ ਵਾਟਰ ਸਪਲਾਈ ਸਕੀਮ ਤੇ ਮੁਹੱਈਆ ਹੋਏ ਫੰਡਾਂ ਦਾ ਵੇਰਵਾ

*798. ਸਰਦਾਰ ਦਵਿੰਦਰ ਸਿੰਘ ਘੁਬਾਇਆ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਫਾਜ਼ਿਲਕਾ ਦੀ ਵਾਟਰ ਸਪਲਾਈ ਸਕੀਮ ਤੇ ਕਿੰਨੇ ਫੰਡ ਮੁਹੱਈਆ ਹੋਏ ਸੀ ਅਤੇ ਕੀ ਇਹ ਪੈਸਾ ਖਰਚ ਹੋ ਚੱਕਿਆ ਹੈ

ਅ) ਇਸ ਲਈ ਕਿਸ ਏਜੰਸੀ ਨੇ ਕਿੰਨਾਂ ਕੰਮ ਪੂਰਾ ਕੀਤਾ ਹੈ ਅਤੇ ਕਿੰਨਾਂ ਕੰਮ ਅਧੂਰਾ ਪਿਆ ਹੈ ਅਤੇ ਇਹ ਕੰਮ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

## ਕਰਨਾਟਕ ਸਰਕਾਰ ਦੀ ਤਰਜ ਤੇ ਐਸ.ਸੀ./ਐਸ.ਟੀ. ਸਬ-ਪਲਾਨ ਐਕਟ ਬਣਾਉਣਾ

*1006. ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਰਨਾਟਕ ਸਰਕਾਰ ਦੀ ਤਰਜ ਤੇ (ਜਿਵੇਂ ਐਸ.ਸੀ/ਐਸ.ਟੀ. ਸਬ-ਪਲਾਨ ਐਕਟ) ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਦੀਆਂ ਭਲਾਈ ਸਕੀਮਾਂ ਲਈ ਜ਼ਿਆਦਾ ਫੰਡ ਜਾਰੀ ਕਰਨ ਅਤੇ ਇਹਨਾਂ ਫੰਡਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਕੋਈ ਕਾਨੂੰਨ ਬਣਾਏਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

## ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਆਰ.ਓ. ਮੁਹੱਈਆ ਕਰਵਾਉਣਾ

*1312. ਸ਼੍ਰੀਮਤੀ ਸਤਕਾਰ ਕੌਰ, ਐਮ.ਐਲ.ਏ:- ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਆਰ.ਓ. ਪ੍ਰਣਾਲੀ ਰਹਿਤ ਕਿੰਨੇ ਵਾਟਰ ਵਰਕਸ ਹਨ;

ਅ) ਉਪਰੋਕਤ ਵਰਣਿਤ ਵਾਟਰ ਵਰਕਸ ਵਿੱਚ ਆਰ.ਓ. ਪ੍ਰਣਾਲੀ ਮੁਹੱਈਆ ਕਰਾਉਣ ਬਾਰੇ ਸਰਕਾਰ ਦੀ ਕੀ ਤਜ਼ਵੀਜ਼ ਹੈ ਅਤੇ ਇਸ ਵਿਚ ਕਿੰਨਾਂ ਸਮਾਂ ਲੱਗੇਗਾ?

## ਆਈ.ਟੀ.ਆਈ. ਮਲੌਦ (ਪਾਇਲ) ਵਿਚ ਕਲਾਸਾਂ ਦਾ ਵੇਰਵਾ

*933. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮਲੌਦ (ਪਾਇਲ) ਵਿਖੇ ਆਈ.ਟੀ.ਆਈ. ਵਿੱਚ ਕਲਾਸਾਂ ਨਿਯਮਿਤ ਤੌਰ ਤੇ ਚੱਲ ਰਹੀਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਆਈ.ਟੀ.ਆਈ. ਵਿੱਚ ਸਟਾਫ ਪੂਰਾ ਹੈ; ਜੇਕਰ ਨਹੀਂ ਤਾਂ ਇਸਦੇ ਵੇਰਵੇ ਕੀ ਹਨ?

## ਸਰਕਾਰੀ ਐਲੀਮੈਂਟਰੀ ਸਕੂਲ ਬਰਾਂਚ ਸਰੂਪਾ ਬਸਤੀ ਪਿੰਡ ਘੁੱਦਾ ਦੇ ਮੇਨ ਗੇਟ ਅੱਗੇ ਪੱਕਾ ਰੈਂਪ ਬਣਾਉਣਾ

*750. ਮਿਸ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲ ਬਰਾਂਚ ਸਰੂਪਾ ਬਸਤੀ ਪਿੰਡ ਘੁੱਦਾ ਦੇ ਮੇਨ ਗੇਟ ਅੱਗੇ ਰਸਤਾ ਕੱਚਾ ਹੋਣ ਕਰਕੇ ਬਾਰਿਸ਼ ਦੇ ਦਿਨਾਂ ਵਿਚ ਚਿੱਕੜ ਹੋ ਜਾਣ ਕਰਕੇ ਬੱਚਿਆਂ ਤੇ ਅਧਿਆਪਕਾਂ ਨੂੰ ਸਕੂਲ ਆਉਣਾ-ਜਾਣਾ ਮੁਸ਼ਕਿਲ ਹੋ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਕੂਲ ਦੇ ਮੇਨ ਗੇਟ ਅੱਗੇ ਪੱਕਾ ਰੈਂਪ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

## ਧੂਰੀ ਤੋਂ ਬਰਨਾਲਾ ਸੜਕ ਦੀ ਮੁਰੰਮਤ

*1330. ਸ਼੍ਰੀ ਵਿਜੇ ਇੰਦਰ ਸਿੰਗਲਾ, ਐਮ.ਐਲ.ਏ:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਧੂਰੀ ਤੋਂ ਬਰਨਾਲਾ (ਵਾਇਆ ਰਾਣੀਕੇ) ਸੜਕ ਭਾਰੀ ਟ੍ਰੈਫਿਕ ਕਰਕੇ ਇਸਦੀ ਉਸਾਰੀ ਤੋਂ ਥੋੜੇ ਸਮੇਂ ਦੇ ਬਾਅਦ ਹੀ ਬਹੁਤ ਬੁਰੀ ਤਰਾਂ ਖਰਾਬ ਹੋ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵਿਸ਼ੇਸ਼ ਹਾਲਾਤਾਂ ਅਧੀਨ ਇਸਦੇ ਸਮਾਂ ਸੀਮਾ ਦੇ ਨਿਯਮਾਂ ਵਿੱਚ ਢਿੱਲ ਦਿੰਦਿਆਂ ਹੋਇਆਂ ਇਸਦੀ ਵਿਸ਼ੇਸ਼ ਮੁਰੰਮਤ ਤੁਰੰਤ ਕਰਵਾਉਣ ਤੇ ਵਿਚਾਰ ਕਰੇਗੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਕਤ ਸੜਕ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਲਈ ਦਿੱਤੇ ਜਾਣ ਵਾਲੇ ਫੰਡਾਂ ਦੇ ਵੇਰਵੇ ਕੀ ਹਨ?

ਪਰਤੋਂ ਜੀ....

**ਹਲਕਾ ਧੂਰੀ ਦੇ ਸਿਵਲ ਹਸਪਤਾਲ ਵਿਚ ਅਲੱਗ ਤੋਂ ਗਾਇਨੀ ਵਾਰਡ ਬਨਾਉਣਾ**

*1300. ਸ਼੍ਰੀ ਦਲਵੀਰ ਸਿੰਘ ਗੋਲਡੀ ,ਐਮ.ਐਲ.ਏ.:- ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਧੂਰੀ ਸ਼ਹਿਰ ਦੇ 50 ਬੈੱਡਾਂ ਵਾਲੇ ਸਰਕਾਰੀ ਹਸਪਤਾਲ ਵਿੱਚ ਐਮ.ਸੀ.ਐਚ (ਗਾਇਨੀ) ਵਾਰਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਘੱਟੋ-ਘੱਟ 10 ਬੈੱਡਾਂ ਦਾ ਐਮ.ਸੀ.ਐਚ (ਗਾਇਨੀ) ਵਾਰਡ ਅਲੱਗ ਤੋਂ ਬਣਾਉਣ ਲਈ ਕੋਈ ਉਪਰਾਲਾ ਕਰੇਗੀ;

ਅ) ਕੀ ਸਰਕਾਰ ਸਿਵਲ ਹਸਪਤਾਲ ਧੂਰੀ ਵਿੱਚ ਡਿਜ਼ੀਟਲ ਐਕਸ-ਰੇ ਮਸ਼ੀਨ ਅਤੇ ਹਾਰਟ ਚੈਕੱਅਪ ਲਈ ਆਧੁਨਿਕ ਮਸ਼ੀਨਾਂ ਲਗਾਉਣ ਲਈ ਕੋਈ ਯੋਗ ਉਪਰਾਲਾ ਕਰੇਗੀ;

ੲ) ਕੀ ਸਰਕਾਰ ਹਲਕਾ ਧੂਰੀ ਦੇ ਸਿਵਲ ਹਸਪਤਾਲ ਵਿੱਚ ਕੈਂਸਰ ਦੇ ਮਰੀਜਾਂ ਦੇ ਚੈੱਕਅਪ ਕਰਵਾਉਣ ਲਈ ਕੈਂਸਰ ਚੈੱਕਅਪ ਸੈਂਟਰ ਖੋਲਣ ਦਾ ਵੀ ਕੋਈ ਯੋਗ ਉਪਰਾਲਾ ਕਰੇਗੀ?

**ਨਗਰ ਕੌਂਸਲ, ਸਨੌਰ, ਜ਼ਿਲ੍ਹਾ ਪਟਿਆਲਾ ਨੂੰ ਪ੍ਰਾਪਤ ਹੋਏ ਫੰਡਾਂ ਦਾ ਵੇਰਵਾ**

*1250. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕੌਂਸਲ, ਸਨੌਰ (ਜ਼ਿਲ੍ਹਾ ਪਟਿਆਲਾ) ਨੂੰ ਮਿਤੀ 1 ਜਨਵਰੀ, 2016 ਤੋਂ ਮਿਤੀ ਬੱਧ ਤੱਕ ਕਿਹੜੇ-2 ਅਦਾਰਿਆਂ ਵੱਲੋਂ ਕਿਨ੍ਹਾਂ-2 ਕੰਮਾਂ ਲਈ ਫੰਡ ਮਨਜੂਰ ਕੀਤੇ ਗਏ ਸਨ ਅਤੇ ਇਨ੍ਹਾਂ ਫੰਡਾਂ ਵਿੱਚੋਂ ਕਿੰਨੇ ਫੰਡ ਨਗਰ ਕੌਂਸਲ, ਸਨੌਰ ਨੂੰ ਪ੍ਰਾਪਤ ਹੋ ਚੁੱਕੇ ਹਨ ਅਤੇ ਕਿੰਨੇ ਫੰਡ ਅਜੇ ਬਾਕੀ ਰਹਿੰਦੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਨਕੋਦਰ ਦੇ ਪਿੰਡਾਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ**

*1292. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਪੰਚਾਇਤ ਬਿਲਗਾ ਅਤੇ ਹਲਕਾ ਨਕੋਦਰ ਦੇ ਪਿੰਡ ਤਲਵਣ, ਉਮਰਪੁਰ, ਗੁਮਟਾਲਾ, ਚੀਮਾਂ ਕਲਾਂ, ਸਰੀਂਹ, ਸ਼ੰਕਰ, ਕਾਂਗਣਾਂ, ਉੱਗੀ ਅਤੇ ਨੂਰਪੁਰ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰੀਆਂ ਜਾਣਗੀਆਂ?

**ਬਟਾਲਾ ਸ਼ਹਿਰ ਵਿਚ ਵਿਕਾਸ ਦੇ ਅਧੂਰੇ ਕੰਮਾਂ ਨੂੰ ਸਿਰੇ ਚੜ੍ਹਾਉਣਾ**

*1310. ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ. :- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੋਕ ਨਿਰਮਾਣ ਵਿਭਾਗ, ਪੰਜਾਬ ਵੱਲੋਂ ਜੋ ਬਟਾਲਾ ਸ਼ਹਿਰ ਵਿੱਚ ਵਿਕਾਸ ਦੇ ਕੰਮ ਕੀਤੇ ਗਏ ਸਨ ਉਨ੍ਹਾਂ ਵਿੱਚੋਂ ਅਜੇ ਵਿਭਾਗ ਕੋਲ ਪੈਸੇ ਬਚਦੇ ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਪਹਿਲਾਂ ਬਚਦੇ ਪੈਸਿਆਂ ਦੇ ਟੈਂਡਰ ਨੂੰ ਵਧਾ ਕੇ ਅਧੂਰੇ ਕੰਮਾਂ ਨੂੰ ਸਿਰੇ ਚੜ੍ਹਾਉਣ ਲਈ ਤਿਆਰ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਬਲਾਕ ਨੂਰਪੁਰ ਬੇਦੀ ਦੇ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਪੂਰੀ ਕਰਨਾ**

*988. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਕ ਨੂਰਪੁਰ ਬੇਦੀ ਵਿਚ ਪੈਂਦੇ 150 ਪਿੰਡਾਂ ਨੂੰ ਫੀਡ ਕਰਨ ਵਾਲੇ ਇੱਕੋ-ਇੱਕ ਹਸਪਤਾਲ ਵਿੱਚ ਡਾਕਟਰਾਂ ਦੀ ਭਾਰੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਬਾਬਾ ਮੋਤੀ ਰਾਮ ਮਹਿਰਾ ਦੀ ਯਾਦਗਾਰ ਦਾ ਕੰਮ ਸੰਪੂਰਨ ਕਰਨਾ**

*880. ਸਰਦਾਰ ਨਿਰਮਲ ਸਿੰਘ, ਐਮ.ਐਲ.ਏ. :- ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਬਣਾਈ ਜਾ ਰਹੀ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਦਾ ਕੰਮ ਕਦੋਂ ਤੋਂ ਬੰਦ ਪਿਆ ਹੈ ਤੇ ਇਸ ਤੇ ਕਿੰਨੇ ਫੰਡਜ਼ ਖਰਚ ਹੋਏ ਹਨ;

ਅ) ਇਸ ਪਾਵਨ ਯਾਦਗਾਰ ਦੇ ਬਾਕੀ ਰਹਿੰਦੇ ਕਾਰਜ ਨੂੰ ਕੀ ਸਰਕਾਰ ਵਿੱਤੀ ਸਾਲ 2018-19 ਦੌਰਾਨ ਸੰਪੂਰਨ ਕਰਨ ਦਾ ਆਸ਼ਵਾਸਨ ਦੇਵੇਗੀ?

**ਧਰਮਪੁਰਾ ਪਿੰਡ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਦੇਣਾ**

*1024. ਸ਼੍ਰੀ ਨੱਥੂ ਰਾਮ ਐਮ.ਐਲ.ਏ.:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਲੂਆਣਾ ਹਲਕੇ ਵਿਚ ਪਿੰਡ ਧਰਮਪੁਰਾ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਕਰਨ ਲਈ ਵਾਟਰ ਵਰਕਸ, ਧਰਮਪੁਰਾ ਵਿਖੇ ਵਿਛਾਈਆਂ ਗਈਆਂ ਪਾਣੀ ਦੀਆਂ ਪਾਈਪਾਂ ਦੀ ਸਮਰੱਥਾ ਨਾਕਾਫੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧ ਵਿਚ ਪੜਤਾਲ ਕਰਕੇ ਉਚਿਤ ਕਾਰਵਾਈ ਕਰੇਗੀ?

**ਬਲਾਚੌਰ ਹਲਕੇ ਦੇ ਸਕੂਲਾਂ/ਕਾਲਜਾਂ ਵਿਚ ਵੋਕੇਸ਼ਨਲ, ਸਾਇੰਸ ਅਤੇ ਕਮਰਸ ਸਟਰੀਮ ਚਲਾਉਣਾਂ**

*972. ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਮੌਜੂਦਾ ਸਰਕਾਰੀ ਕਾਲਜਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਵੋਕੇਸ਼ਨਲ, ਸਾਇੰਸ ਅਤੇ ਕਾਮਰਸ ਦੀਆਂ ਕਲਾਸਾਂ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਣ ਕੀ ਹਨ;

ਅ) ਕੀ ਅਗਲੇ ਅਕਾਦਮਿਕ ਸਾਲ ਤੋਂ ਉਪਰੋਕਤ ਦਰਸਾਏ ਗਏ ਸਕੂਲਾਂ ਅਤੇ ਕਾਲਜਾਂ ਵਿੱਚ ਇਹ ਕਲਾਸਾਂ ਸ਼ੁਰੂ ਕਰਨ ਲਈ ਸਰਕਾਰ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਹਲਕਾ ਬੰਗਾ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ**

*1139. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਵਿਧਾਨ ਸਭਾ ਹਲਕਾ ਬੰਗਾ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ; ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮੁੱਹਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਜਾ ਰਹੇ ਹਨ?

**ਛੋਟੇ ਸ਼ਹਿਰਾਂ ਦੇ ਠੋਸ ਰਹਿੰਦ ਖੂੰਦ ਦਾ ਨਿਪਟਾਰਾ ਕਰਨਾ**

*1368. ਸਰਦਾਰ ਸੰਗਤ ਸਿੰਘ ਗਿਲਜੀਆਂ, ਐਮ.ਐਲ.ਏ:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਛੋਟੇ ਸ਼ਹਿਰਾਂ ਲਈ ਠੋਸ ਰਹਿੰਦ ਖੂੰਦ ਦੇ ਨਿਪਟਾਰੇ ਅਤੇ ਇਸ ਸਮੱਸਿਆ ਦੇ ਨਿਪਟਾਰੇ ਲਈ ਛੋਟੇ ਪੱਧਰ ਦੇ ਠੋਸ ਰਹਿੰਦ ਖੂੰਦ ਪ੍ਰਬੰਧਨ ਪਲਾਂਟ ਸ਼ੁਰੂ ਕਰਨ ਦੀ ਤਜਵੀਜ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇਂ ਵੇਰਵੇ ਕੀ ਹਨ?

ਚੰਡੀਗੜ੍ਹ
ਮਿਤੀ 26 ਮਾਰਚ, 2018

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।